(i) Printed Pages : 3 Roll No. ..................................

(ii) Questions : 6

**Sub. Code : 0 1 0 9**

**Exam. Code : 0 0 0 2**

**B.A./B.Sc. (General) 2nd Sem.**

**(2042)**

**PUNJABI**

**Paper : (Elective)**

**Time Allowed : Three Hours] [Maximum Marks : 90**

ਨੋਟ :– ਲਿਖਾਈ ਸੁੰਦਰ ਅਤੇ ਸਪੱਸ਼ਟ ਹੋਵੇ। ਪ੍ਰਸ਼ਨ ਦਾ ਪੂਰਾ ਭਾਗ ਇਕ ਥਾਂ ਕਰੋ।

1. (ੳ) ਕਿਸੇ **ਇੱਕ** ਕਾਵਿ ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਬੜੀ ਹੀ ਨਰਮ ਪੱਤੀ ਹਾਂ ਤੂਫ਼ਾਨਾਂ ਦੀ ਸਤਾਈ ਹਾਂ
ਮੈਂ ਟੁੱਟ ਕੇ ਸ਼ਾਖ਼ ਆਪਣੀ ਤੋਂ ਤੇਰੇ ਕਦਮਾਂ ਵਿੱਚ ਆਈ ਹਾਂ
ਮੈਂ ਕਿਸ ਨੂੰ ਆਪਣਾ ਆਖਾਂ ਕਿ ਏਥੇ ਕੌਣ ਹੈ ਮੇਰਾ
ਮੈਂ ਕਲ੍ਹ ਪੇਕੇ ਪਰਾਈ ਸੀ ਤੇ ਅੱਜ ਸਹੁਰੇ ਪਰਾਈ ਹਾਂ

ਜਾਂ

ਚਿੜੀਆਂ ਨੂੰ ਚੋਗਾ ਵੀ ਪਾਵੇਂ ਤਰਕਸ਼ ਵੀ ਸੰਭਾਲ ਰਿਹੈਂ,
ਮਾਸੂਮਾਂ ਨੂੰ ਤੇਰੇ ਦੂਹਰੇ ਖ਼ਾਸੇ ਤੋਂ ਡਰ ਲੱਗਦਾ ਹੈ।
ਇਕੋ ਹੀ ਮੁਸਕਾਨ ਦਾ ਉਸਨੇ ਭਾਰੀ ਮੁੱਲ ਚੁਕਾਇਆ ਸੀ,
ਹੁਣ ਉਸਨੂੰ ਦੋ ਪੈਸੇ ਦੇ ਦੰਦਾਸੇ ਤੋਂ ਡਰ ਲੱਗਦਾ ਹੈ। 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :

(1) ਲੋਹਾ

(2) ਵਾਰਸਾਂ ਦੇ ਨਾਂ। 10

2. (ੳ) 'ਬਲਦੇ ਦੀਵੇ' ਨਾਵਲ ਵਿੱਚ ਜ਼ਰੀਨਾ ਦੇ ਵਿਆਹੁਤਾ ਜੀਵਨ ਬਾਰੇ ਦੱਸੋ।

**ਜਾਂ**

'ਬਲਦੇ ਦੀਵੇ' ਨਾਵਲ ਵਿੱਚ ਪਿੰਡ ਦੀ ਪੰਚਾਇਤ ਦੀ ਮੀਟਿੰਗ ਦਾ ਹਾਲ ਲਿਖੋ। 10

(ਅ) 'ਬਲਦੇ ਦੀਵੇ' ਨਾਵਲ ਦਾ ਥੀਮ ਸਪੱਸ਼ਟ ਕਰੋ।

**ਜਾਂ**

'ਬਲਦੇ ਦੀਵੇ' ਨਾਵਲ ਵਿੱਚ ਡਾ. ਸਲੀਮ ਦਾ ਚਰਿੱਤਰ ਚਿਤਰਨ ਕਰੋ। 10

3. ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) 'ਕਾਮਰੇਡ ਨਾਲ ਗੱਲਬਾਤ' ਕਵਿਤਾ ਦਾ ਕੇਂਦਰੀ ਭਾਵ ਕੀ ਹੈ ?

(ਅ) 'ਖਤਾਂ ਦੀ ਉਡੀਕ' ਕਵਿਤਾ ਵਿੱਚ ਕਵੀ ਅਨੁਸਾਰ ਮਾਂ ਦੇ ਖਤ ਵਿੱਚ ਕੀ ਲਿਖਿਆ ਹੋਵੇਗਾ ?

(ੲ) ਸੁਖਪਾਲ ਦੀ ਕਵਿਤਾ 'ਪੰਜ ਤੱਤ' ਦਾ ਕੇਂਦਰੀ ਥੀਮ ਦੱਸੋ।

(ਸ) ਦਰਸ਼ਨ ਬੁਲੰਦਵੀ ਦੀ ਕਵਿਤਾ 'ਅੰਗੂਠਾ' ਦਾ ਕੇਂਦਰੀ ਭਾਵ ਲਿਖੋ।

(ਹ) 'ਬਲਦੇ ਦੀਵੇ' ਨਾਵਲ ਦੀਆਂ ਪੰਜ ਨਾਰੀ ਪਾਤਰਾਂ ਦੇ ਨਾਮ ਲਿਖੋ।

(ਕ) ਨਾਵਲ ਵਿੱਚ ਮਾਰਗਰੇਟ ਪਾਤਰ ਕੌਣ ਸੀ ?

(ਖ) ਨਾਵਲ ਵਿੱਚ ਪਿੰਡ ਵਿੱਚ ਮਨਾਏ ਗਏ ਬਸੰਤ ਦੇ ਤਿਉਹਾਰ ਬਾਰੇ ਦੱਸੋ।

(ਗ) ਟਾਂਗੇ ਵਾਲਾ ਕਿਸ ਸੂਫੀ ਕਵੀ ਦਾ ਦੋਹੜਾ ਪੜ੍ਹਦਾ ਹੈ, ਦੋਹੜੇ ਦੀਆਂ ਮੁੱਢਲੀਆਂ ਸਤਰਾਂ ਲਿਖੋ। 5×2=10

4. ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ, ਉੱਤਰ **50** ਸ਼ਬਦਾਂ ਤੋਂ ਵੱਧ ਨਾ ਹੋਵੇ :

(ੳ) ਪਹਿਲੇ ਦੌਰ ਦੀ ਪੰਜਾਬੀ ਕਹਾਣੀ ਬਾਰੇ ਵਿਚਾਰ ਪੇਸ਼ ਕਰੋ।

(ਅ) ਪੰਜਾਬੀ ਨਾਵਲ ਦੇ ਆਰੰਭ ਅਤੇ ਮੋਢੀ ਨਾਵਲਕਾਰ ਦੀਆਂ ਲਿਖਤਾਂ ਬਾਰੇ ਦੱਸੋ।

(ੲ) ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੇ ਮੁੱਖ ਲੱਛਣ ਕੀ ਹਨ ?

(ਸ) ਪੰਜਾਬੀ ਦੀਆਂ ਨਾਰੀ ਨਾਵਲਕਾਰਾਂ ਬਾਰੇ ਜਾਣਕਾਰੀ ਦਿਉ।

(ਹ) ਸਫਰਨਾਮਾ ਦੀ ਪਰਿਭਾਸ਼ਾ ਅਤੇ ਕੋਈ ਚਾਰ ਸਫਰਨਾਮਾ ਲੇਖਕਾਂ ਦੀਆਂ ਲਿਖਤਾਂ ਦੇ ਨਾਮ ਲਿਖੋ।

(ਕ) ਪ੍ਰਿੰ. ਸੰਤ ਸਿੰਘ ਸੇਖੋਂ ਵੱਲੋਂ ਰਚਿਤ ਪੰਜ ਪੁਸਤਕਾਂ ਦੇ ਨਾਮ ਲਿਖੋ।

5×4=20

5. ਧੁਨੀ ਸੰਪਰਦਾਇ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਉ।

**ਜਾਂ**

ਅਲੰਕਾਰ ਦੀ ਪਰਿਭਾਸ਼ਾ ਦੱਸੋ ਅਤੇ ਵਰਗੀਕਰਨ ਕਰੋ। 10

6. ਸਾਹਿਤ ਦੀ ਪਰਿਭਾਸ਼ਾ ਅਤੇ ਸਰੂਪ ਬਾਰੇ ਲਿਖੋ।

**ਜਾਂ**

ਸਾਹਿਤ ਦੀ ਪ੍ਰਕਿਰਤੀ ਅਤੇ ਤੱਤਾਂ ਬਾਰੇ ਜਾਣਕਾਰੀ ਦਿਉ। 10